ਦਫਤਰ ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ,ਐਸ.ਏ.ਐਸ.ਨਗਰ।
(ਪ੍ਰੀਖਿਆ ਸਾਖਾ)

ਵੱਲ

ਰਾਜ ਦੇ ਸਮੂਹ ਪ੍ਰਿਸੀਪਲ,
ਜਿਲਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਅਤੇ
ਸਮੂਹ ਪ੍ਰਿਸੀਪਲ ਪ੍ਰਾਈਵੇਟ ਸੈਲਫ ਫਾਈਨਾਂਸਡ ਕਾਲਜ ।

ਮੀਮੋ ਨੰਬਰ:3/49-2018 ਪ੍ਰੀ(3)
ਮਿਤੀ, ਐਸ.ਏ.ਐਸ.ਨਗਰ: 14-8-2018

ਵਿਸਾ:- ਸੈਸਨ: 2017-19 ਸਾਲ ਪਹਿਲਾ (ਰੈਗੂਲਰ) ਦੀ ਪ੍ਰੀਖਿਆ ਲਈ ਇਗਜਾਂਮੀਨੇਸਨ ਪੋਰਟਲ ਤੇ ਡਾਟਾ ਅੱਪਲੋਡ ਕਰਨ ਸਬੰਧੀ।

ਉਪਰੋਕਤ ਵਿਸੇ ਅਨੁਸਾਰ ਰੈਗੂਲਰ ਪ੍ਰੀਖਿਆ ਸਤੰਬਰ 2018 ਵਿੱਚ ਲੈਣ ਦੀ ਤਜਵੀਜ ਹੈ। ਇਸ ਸਬੰਧੀ ਡਾਇਰੈਕਟੋਰੇਟ ਵੱਲੋ ਇਸ ਕੰਮ ਲਈ ਵੈਬਸਾਈਟ www.ssapunjab.org ਤਿਆਰ ਕੀਤੀ ਗਈ ਹੈ। ਵਿਸਾ ਅੰਕਿਤ ਲਈ ਜਾਂਣ ਵਾਲੀ ਪ੍ਰੀਖਿਆ ਦੇ ਵਿਦਿਆਰਥੀ / ਵਿਸਾ ਵਾਈਜ ਗਿਣਤੀ ਅਤੇ ਵਿਦਿਆਰਥੀਆਂ ਨੂੰ ਰੋਲ ਨੰਬਰ ਜਾਰੀ ਕਰਨ ਦੀ ਪ੍ਰਿਕ੍ਰਿਆ ਇਸੇ ਸਾਈਟ ਰਾਂਹੀ ਚਲਾਈ ਜਾਵੇਗੀ। ਇਸ ਲਈ ਸਾਈਟ ਨੂੰ ਹੇਠ ਦਰਸਾਏ ਦਿਸਾ ਨਿਰਦੇਸਾਂ ਅਨੁਸਾਰ ਅੱਪ ਡੇਟ ਕੀਤਾ ਜਾਵੇ:-

1. ਵੈਬਸਾਈਟ SCERT.EPUNJABSCHOOL.GOV.IN

2. ਹਰ ਸੰਸਥਾ ਨੂੰ ਇੱਕ ਲਾਗਇੰਨ ਅਤੇ ਪਾਸਵਰਡ ਦਿੱਤਾ ਗਿਆ ਹੈ। ਜਿਸ ਦੀ ਮਦਦ ਨਾਲ ਸਬੰਧਤ ਸੰਸਥਾ ਵੱਲੋ ਸੈਸਨ:2017-19(ਰੈਗੂਲਰ) ਸਾਲ ਪਹਿਲਾ ਦੇ ਸਾਰੇ ਸਿਖਿਆਰਥੀਆਂ ਦਾ ਡਾਟਾ ਆਨਲਾਈਨ ਧਿਆਂਨ ਨਾਲ ਦਰਜ ਕੀਤਾ ਜਾਵੇ।

3. ਇਸ ਸਾਫਟਵੇਅਰ ਅਧੀਨ ਸਭ ਤੋ ਪਹਿਲਾਂ ਸੈਸਨ ਅਨੁਸਾਰ ਵਿਦਿਆਰਥੀਆਂ ਦੀ ਜਾਂਣਕਾਰੀ ਦਰਜ ਕੀਤੀ ਜਾਵੇ ਅਤੇ ਉਸ ਨੂੰ ਚੰਗੀ ਤਰਾਂ ਚੈਕ ਕਰਕੇ ਅਪਰੂਵ ਕੀਤਾ ਜਾਵੇ।

4. ਜਦੋ ਸਾਰੇ ਵਿਦਿਆਰਥੀਆਂ ਦੀ ਜਾਂਣਕਾਰੀ ਅੱਪਲੋਡ ਹੋ ਜਾਵੇ ਤਾਂ ਵਿਦਿਆਰਥੀਆਂ ਨੂੰ ਪੇਪਰਾਂ ਲਈ ਆਨਲਾਈਨ ਰਜਿਸਟਰ ਕੀਤਾ ਜਾਵੇ । **ਇੱਥੇ ਇਹ ਸਪੱਸਟ ਕੀਤਾ ਜਾਂਦਾ ਹੈ ਕਿ ਹਰ ਵਿਦਿਆਰਥੀ ਦਾ ਸੈਸਨ, ਪ੍ਰੀਖਿਆ ਦੀ ਕਿਸਮ ਅਤੇ ਵਿਸਿਆਂ ਦੀ ਜਾਂਣਕਾਰੀ ਸਹੀ ਭਰੀ ਜਾਵੇ ਅਤੇ ਇਹ ਜਾਂਣਕਾਰੀ ਚੈਕ ਕਰਨ ਉਪਰੰਤ ਹੀ ਅਪਰੂਵ ਕੀਤੀ ਜਾਵੇ ਕਿਉ ਕਿ ਇੱਕ ਵਾਰ ਅਪਰੂਵ ਹੋਣ ਉਪਰੰਤ ਇਸ ਜਾਂਣਕਾਰੀ ਵਿੱਚ ਕੋਈ ਵੀ ਤਬਦੀਲੀ ਨਹੀ ਕੀਤੀ ਜਾ ਸਕਦੀ। ਅੱਗੇ ਤੋ ਕੇਵਲ ਆਨਲਾਈਨ ਪ੍ਰਕ੍ਰਿਆ ਹੀ ਚਲਾਈ ਜਾਵੇਗੀ ਅਤੇ ਇਸ ਵਿੱਚ ਸੋਧ ਕਰਨ ਲਈ ਕੋਈ ਵੀ ਪੱਤਰ ਵਿਹਾਰ ਨਹੀ ਕੀਤਾ ਜਾਵੇਗਾ।**

5 ਲਾਗਇੰਨ ਪਾਸਵਰਡ ਜਾ ਇਸ ਸਬੰਧੀ ਕਿਸੇ ਵੀ ਕਿਸਮ ਦੀ ਤਕਨੀਕੀ ਸਹਾਇਤਾ ਲਈ ਮੁੱਖ ਦਫਤਰ ਦੀ ਐਮ.ਆਈ.ਐਸ. ਸਾਖਾ ਨਾਲ ਫੋਨ ਨੰਬਰ: 0172-5212318 ਅਤੇ ਹੋਰ ਜਾਂਣਕਾਰੀ ਲਈ ਸਾਖਾ ਦੇ ਨੰਬਰ: 0172- 5212748 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

6. ਅੱਗੇ ਤੋ ਵਿਭਾਗ ਵੱਲੋ ਇਸੇ ਪੋਰਟਲ ਰਾਂਹੀ ਹੀ ਜਾਂਣਕਾਰੀ ਅੱਪਡੇਟ ਕਰਵਾਈ ਜਾਵੇਗੀ ਅਤੇ ਪ੍ਰੀਖਿਆ ਸਬੰਧੀ ਰਜਿਸਟ੍ਰੇਸਨ ਨੰਬਰ /ਰੋਲ ਨੰਬਰ / ਪ੍ਰੀਖਿਆ ਕੇਦਰਾਂ ਅਦਿ ਦੀ ਵੰਡ ਵੀ ਇਸੇ ਪੋਰਟਲ ਰਾਂਹੀ ਕੀਤੀ ਜਾਵੇਗੀ।

7. ਸਮੂਹ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਰੋਜਾਂਨਾ ਅੱਪਡੇਟ/ਜਾਂਣਕਾਰੀ ਆਦਿ ਲਈ ਇਸ ਪੋਰਟਲ ਨੂੰ ਰੋਜਾਨਾਂ ਚੈਕ ਕਰਨ ।

ਉਕਤ ਦਰਸਾਏ ਅਨੁਸਾਰ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਸੂਚਨਾਂ ਮਿਤੀ: 24-8-2018 ਤੱਕ ਹਰ ਹਾਲ ਵਿੱਚ ਅੱਪਡੇਟ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਤਜਵੀਜ ਅਨੁਸਾਰ ਪ੍ਰੀਖਿਆ ਸਮੇ ਸਿਰ ਸੁਰੂ ਕਰਵਾਈ ਜਾ ਸਕੇ। ਇਸ ਮਿਤੀ ਵਿੱਚ ਹੋਰ ਵਾਧਾ ਕਿਸੇ ਹਾਲਤ ਵਿੱਚ ਨਹੀ ਕੀਤਾ ਜਾਵੇਗਾ। ਇਸ ਪੋਰਟਲ ਤੇ ਡਾਟਾ ਅੱਪਲੋਡ ਕਰਨ ਲਈ ਯੂਜਰ ਆਈ.ਡੀ.ਪਾਸਵਰਡਜ ਪਹਿਲਾਂ ਵਾਲੇ ਹੀ ਰਹਿਣਗੇ।

ਇੱਥੇ ਇਹ ਵੀ ਦੱਸਣਾਂ ਉਚਿਤ ਹੋਵੇਗਾ ਕਿ ਉਕਤ ਵੈਬਸਾਈਟ ਤੇ ਡਾਟਾ ਕੇਵਲ ਸੰਸਥਾ ਦੇ ਜਿਮੇਵਾਰ ਅਧਿਕਾਰੀ/ਕਰਮਚਾਰੀ ਵੱਲੋ ਹੀ ਅੱਪਲੋਡ ਕੀਤਾ ਜਾਵੇ। ਇਹ ਵੀ ਖਾਸ ਧਿਆਂਨ ਵਿੱਚ ਰੱਖਿਆ ਜਾਵੇ ਸੈਸਨ: 2016-18(ਸਾਲ ਦੂਜਾ) ਅਤੇ ਵੱਖ ਵੱਖ ਰੀਅਪੀਅਰ ਸੈਸਨਾਂ ਦਾ ਡਾਟਾ ਅੱਪਲੋਡ ਕਰਨ ਸਮੇ ਜਿਹੜੀਆਂ ਗਲਤੀਆਂ ਹੋਈਆਂ ਸਨ ਉਹ ਦੁਬਾਰ ਤੋ ਨਾ ਦੋਹਰਾਂਈਆਂ ਜਾਂਣ।

ਸਹਾਇਕ ਰਜਿਸਟਰਾਰ(ਪ੍ਰੀਖਿਆਂਵਾਂ)

ਪਿੱਠ ਅੰਕਣ ਨੰਬਰ:/ਉਕਤ ਮਿਤੀ: 14-8-2018

ਉਤਾਰਾ ਐਮ.ਆਈ.ਐਸ. ਵਿੰਗ ਨੂੰ ਲੋੜੀਦੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਰਜਿਸਟਰਾਰ(ਪ੍ਰੀਖਿਆਂਵਾਂ)